# ਕਿਸਾਨਾਂ ਤੋਂ ਜਾਣੋ ਕਿੱਦਾਂ ਰਿਹਾ ਪੰਜਾਬ ਬਾਸਮਤੀ 7 ਦੀ ਕਾਸ਼ਤ ਦਾ ਤਜਰਬਾ?

ਪਿਛਲੇ ਸਾਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਬਾਸਮਤੀ ਦੀ ਨਵੀਂ ਕਿਸਮ — ਪੰਜਾਬ ਬਾਸਮਤੀ 7 — ਵਿਕਸਿਤ ਕੀਤੀ ਸੀ। ਪੀ ਏ ਯੂ ਨੇ ਇਸਦੀ ਸਿਫ਼ਾਰਿਸ਼ ਪੰਜਾਬ ਦੇ ਸਾਰੇ ਬਾਸਮਤੀ ਲਾਉਣ ਵਾਲੇ ਇਲਾਕਿਆਂ ਲਈ ਕੀਤੀ ਸੀ।

ਪੰਜਾਬ ਬਾਸਮਤੀ 7 ਨੂੰ ਰਵਾਇਤੀ ਕਿਸਮ ਬਾਸਮਤੀ 386 ਅਤੇ ਪਰਚਲਤ ਕਿਸਮ ਪੂਸਾ ਬਾਸਮਤੀ 1121 ਦੇ ਸੁਮੇਲ ਨਾਲ ਤਿਆਰ ਕੀਤਾ ਗਿਆ ਸੀ। ਇਸਦੇ ਵਿੱਚ ਤੇਜ਼ ਮਹਿਕ ਹੈ।

ਇਸਦਾ ਔਸਤ ਕੱਦ 111 ਸੈਂਟੀਮੀਟਰ ਹੈ ਅਤੇ ਲੁਆਈ ਤੋਂ ਬਾਅਦ ਇਹ 101 ਦਿਨਾਂ ਵਿੱਚ ਵਾਢੀ ਲਈ ਤਿਆਰ ਹੋ ਜਾਂਦੀ ਹੀ। ਪੀ ਏ ਯੂ ਨੇ ਪੰਜਾਬ ਬਾਸਮਤੀ 7 ਦਾ ਔਸਤ ਝਾੜ 19 ਕੁਇੰਟਲ ਪ੍ਰਤੀ ਏਕੜ ਦੱਸਿਆ ਸੀ।

ਤਾਂ ਕਿੱਦਾਂ ਰਿਹਾ ਪੰਜਾਬ ਬਾਸਮਤੀ 7 ਦੀ ਕਾਸ਼ਤ ਦਾ ਤਜਰਬਾ? ਸੁਣੋ ਪੰਜਾਬ ਦੇ ਜ਼ਿਲ੍ਹਾ ਰੋਪੜ ਦੇ ਮਾਹਲਾਂ ਪਿੰਡ ਦੇ ਕਿਸਾਨ ਅਮਰਿੰਦਰ ਦੀ ਜ਼ੁਬਾਨੀ: "ਮੈਂ ਅਮਰਿੰਦਰ ਸਿੰਘ, ਪਿੰਡ ਮਾਹਲਾਂ, ਜ਼ਿਲ੍ਹਾ ਰੋਪੜ ਦਾ ਰਹਿਣ ਵਾਲਾ ਹਾਂ। ਪਿਛਲੇ ਸਾਲ ਮੈਂ ਪੰਜਾਬ ਬਾਸਮਤੀ 7 ਦੀ ਬੀਜ ਕ੍ਰਿਸ਼ੀ ਵਿਗਿਆਨ ਕੇਂਦਰ (ਕੇ ਵੀ ਕੇ), ਰੋਪੜ ਤੋਂ ਲਿਆ ਸੀ ਅਤੇ ਇਸਨੂੰ ਆਪਣੇ ਖੇਤਾਂ ਵਿੱਚ ਲਾਇਆ ਸੀ।"

"ਇਹ ਬੀਜ ਕਿਸਾਨਾਂ ਦੇ ਹੱਕ ਦੇ ਵਿੱਚ ਹੈ ਕਿਉਂਕਿ ਇਹਦਾ ਜਿਹੜਾ ਕੱਦ ਬਹੁਤ ਛੋਟਾ ਹੈ। ਪੂਸਾ ਬਾਸਮਤੀ 1121 ਨਾਲੋਂ ਇਸਦਾ ਕੱਦ ਛੋਟਾ ਹੈ। ਇਹਦਾ ਝਾੜ 18 ਤੋਂ 21 ਕੁਇੰਟਲ ਪ੍ਰਤੀ ਏਕੜ ਤੱਕ ਆਉਂਦਾ ਹੈ। ਨਾਲ ਹੀ ਇਸਦਾ ਚੌਲ ਖਾਣ ਵਿੱਚ ਬੜਾ ਸਵਾਦ ਹੈ ਅਤੇ ਇਸ ਵਿੱਚ ਖੁਸ਼ਬੋ ਹੈ। ਇਹਦਾ ਜਿਹੜਾ ਭਾਅ

ਹੈ ਪਿਛਲੇ ਸਾਲਾ 1121 ਨਾਲੋਂ 250 ਰੁਪਏ ਪ੍ਰਤੀ ਕੁਇੰਟਲ ਘੱਟ ਲੱਗਿਆ। ਇਸ ਵਾਰ ਉਮੀਦ ਕਰਦੇ ਹਾਂ ਕਿ ਕਿਸਾਨਾਂ ਨੂੰ ਇਸਦਾ ਭਾਅ ਵਧੀਆ ਮਿਲੇ।"